## ਸ਼ੇਖ਼ ਫ਼ਰੀਦ - ਸਬਦ ੮੨

## ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੨

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥
ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥੭੯॥

ਸਾਰ: ਸਾਡੇ ਇੰਦ੍ਰਿਆਵੀ ਅਨੁਭਵ ਸਪਸ਼ਟ ਤਾਂ ਹੁੰਦੇ ਹਨ ਪਰ ਧਾਰਨਾਵਾਂ ਦੇ ਨਿਰੰਤਰ ਬਦਲਦੇ ਸੰਸਾਰ ਅੰਦਰ ਇਨ੍ਹਾਂ ਦੀ ਮਿਆਦ ਬਹੁਤ ਥੋੜ੍ਹਚਿਰੀ ਹੁੰਦੀ ਹੈ। ਅਸੀਂ ਜੋ ਦੇਖਦੇ, ਸੁਣਦੇ, ਅਤੇ ਵਿਅਕਤ ਕਰਦੇ ਹਾਂ ਉਹ ਅਸਲ ਤਾਂ ਜਾਪਦਾ ਹੈ, ਫਿਰ ਵੀ ਇਹ ਹਮੇਸ਼ਾ ਬਦਲਦਾ ਰਹਿੰਦਾ ਹੈ। ਦੁਨੀਆਂ ਸਥਿਰ ਦਿਖਾਈ ਦੇ ਸਕਦੀ ਹੈ, ਪਰ ਇਹ ਨਿਸ਼ਚਤਤਾ ਮੁੱਖ ਤੌਰ 'ਤੇ ਸਾਡੀਆਂ ਇੰਦਰੀਆਂ ਅਤੇ ਧਾਰਨਾਵਾਂ ਦੁਆਰਾ ਸਿਰਜੇ ਗਏ ਬਿਰਤਾਂਤਾਂ ਦੁਆਰਾ ਘੜੀ ਜਾਂਦੀ ਜਾਂਦੀ ਹੈ। ਇਹ ਦ੍ਰਿਸ਼ਟੀਕੋਣ ਦਰਸਾਉਂਦਾ ਹੈ ਕਿ ਜਿਸਨੂੰ ਅਸੀਂ ਸਥਿਰ ਹਕੀਕਤ ਮੰਨਦੇ ਹਾਂ ਉਹ ਸਿਰਫ਼ ਪ੍ਰਭਾਵ ਦਾ ਇਕ ਅਸਥਾਈ ਪ੍ਰਦਰਸ਼ਨ ਹੈ। ਇਸ ਵਿਚਾਰ ਨੂੰ ਅਪਣਾਉਣ ਨਾਲ ਅਸੀਂ ਜੀਵਨ ਦੇ ਵਧੇਰੇ ਕਦਰਦਾਨ ਹੋ ਜਾਂਦੇ ਹਾਂ। ਇਹ ਭਾਵ ਸਾਨੂੰ ਸਪਸ਼ਟ ਕਰਦਾ ਹੈ ਕਿ ਜੀਵਨ ਦਾ ਅਸਲ ਜਾਦੂਮਈ ਖੇਡ ਇਸਦੀ ਅਸਥਿਰਤਾ ਵਿਚ ਹੀ ਵਿਦਮਾਨ ਹੈ।

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥
ਫਰੀਦ ਕਹਿੰਦੇ ਹਨ ਕਿ ਪੰਛੀ ਇਕ ਮਹਿਮਾਨ ਅਤੇ ਦੁਨੀਆਂ ਸੁਹਾਵਨੇ ਬਾਗ਼ ਦੀ ਤਰ੍ਹਾਂ ਹੈ। ਇਹ ਭਾਵ ਸੁਝਾਅ ਦਿੰਦਾ ਹੈ ਕਿ ਸਾਡੇ ਇੰਦ੍ਰਿਆਵੀ ਅਨੁਭਵ ਅਸਥਾਈ ਹਨ, ਜੋ ਸਾਡੇ ਮਨਮੋਹਕ, ਭਰਮਪੂਰਨ ਚੌਗਿਰਦੇ ਦੇ ਅੰਦਰ ਪਨਪਦੇ ਹਨ।

ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥੭੯॥
ਰਵਾਨਗੀ ਦੀ ਤਿਆਰੀ ਲਈ ਸਵੇਰੇ-ਸਵੇਰੇ ਢੋਲ ਵਜਾਏ ਜਾ ਰਹੇ ਹਨ। ਇਹ ਭਾਵ ਸਮੇਂ ਦੀ ਅਸਲੀਅਤ ਪ੍ਰਤੀ ਜਾਗਰਣ ਦਾ ਪ੍ਰਤੀਕ ਹੈ; ਹਰ ਨਵਾਂ ਦਿਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਅੰਤਰੀਵੀ ਇਕਸੁਰਤਾ ਨਾਲ ਜੀਵਨ ਨੂੰ ਜੀਓ ਅਤੇ ਸਥਾਈਤਾ ਦੁਆਰੇ ਸਿਰਜੇ ਭਰਮ ਕਾਰਣ ਅਜਿਹਾ ਕਰਦਿਆਂ ਦੇਰੀ ਨਾ ਕਰੋ। (੭੯)

ਤੱਤ: ਸ਼ੇਖ ਫ਼ਰੀਦ ਸਾਨੂੰ ਯਾਦ ਦਿਵਾਉਂਦੇ ਹਨ ਕਿ ਸਮਾਂ ਆਪਣੀ ਗਤੀ ਹਮੇਸ਼ਾ ਚਲਦਾ ਰਹਿੰਦਾ ਹੈ, ਭਾਵੇਂ ਅਸੀਂ ਇਸ ਵੱਲ ਧਿਆਨ ਦੇਈਏ ਜਾਂ ਨਾ । ਅਸੀਂ ਅਕਸਰ ਇਸ ਤਰ੍ਹਾਂ ਜੀਵਨ ਬਤੀਤ ਕਰਦੇ ਹਾਂ ਜਿਵੇਂ ਜ਼ਿੰਦਗੀ ਅਸੀਮ ਹੈ, ਬੇਅੰਤ ਮੌਕਿਆਂ ਦੇ ਝੂਠੇ ਜਾਲ ਹੇਠ ਅਸਲ ਵਿਚ ਮਾਇਨੇ ਰੱਖਣ ਵਾਲੀਆਂ ਵਸਤਾਂ ਨੂੰ ਮੁਲਤਵੀ ਕਰਦੇ ਰਹਿਣਾ ਸਾਡਾ ਸਹਿਜਮਈ ਸੁਭਾ ਬਣ ਜਾਂਦਾ ਹੈ। ਹਰ ਰੋਜ਼ ਚੜ੍ਹਦਾ ਅਤੇ ਢਲਦਾ ਸੂਰਜ ਇਸ ਭਰਮ ਨੂੰ ਦੂਰ ਕਰਦਾ ਹੈ। ਉਹ ਸਾਨੂੰ ਕਿਸੇ ਡਰ ਕਾਰਣ ਨਹੀਂ, ਸਗੋਂ ਆਪਣੇ ਅੰਦਰ ਵਸਦੀਆਂ ਮੂਲ ਕਦਰਾਂ-ਕੀਮਤਾ ਨਾਲ ਇਕਸੁਰ ਹੋ ਪੂਰੀ ਤਿਆਰੀ ਨਾਲ ਜੀਵਨ ਜੀਉਣ ਲਈ ਪ੍ਰੇਰਿਤ ਕਰਦੇ ਹਨ। ਜੋ ਜ਼ਰੂਰੀ ਹੈ ਉਸ ਨੂੰ ਵੀ ਪ੍ਰਥਾਮਿਕਤਾ ਦਿੱਤੀ ਜਾਵੇ। ਸਮੇਂ ਦੀ ਅਸਥਾਈ ਪ੍ਰਕਿਰਤੀ ਨੂੰ ਪਛਾਣਨਾ ਆਮ ਪਲਾਂ ਨੂੰ ਵੀ ਅਰਥਪੂਰਨ ਬਣਾਉਂਦਾ ਹੈ। ਇਸ ਸੂਝ ਨੂੰ ਮਨ ਵਿਚ ਵਸਾ ਹਰ ਦਿਨ ਕੱਲ੍ਹ ਦੀ ਉਡੀਕ ਕਰਨ ਦੀ ਬਜਾਏ, ਵਰਤਮਾਨ ਨੂੰ ਪੂਰੀ ਸਚਿਆਰਤਾ ਨਾਲ ਜੀਉਣ ਦੀ ਸੁਭਾਗੀ ਸੱਦ ਬਣ ਜਾਂਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**